# FARKHANDA LODHI RACHIT "CHANE DE OHLE TE HOR KAHANIYAN" DA MANSIK ATE SAMAJIK ADHIYAN

# ਫ਼ਰਖ਼ੰਦਾ ਲੋਧੀ ਰਚਿਤ "ਚੰਨੇ ਦੇ ਓਹਲੇ ਤੇ ਹੋਰ ਕਹਾਣੀਆਂ" ਦਾ ਮਾਨਸਿਕ ਅਤੇ ਸਮਾਜਿਕ ਅਧਿਐਨ

**ਡਾ. ਕਿਰਨ ਗਰਗ**

ਪੰਜਾਬੀ ਗੋਰਮੈਂਟ ਕਾਲਜ ਚੰਮੂ ਕਲਾਂ, ਇਸਮਾਈਲਾਬਾਦ , ਕੁਰਕਸ਼ੇਤਰ (ਹਰਿਆਣਾ)

**ABSTRACT**

*ਪਾਕਿਸਤਾਨੀ ਪੰਜਾਬੀ ਕਹਾਣੀ ਆਪਣੀ ਕਲਾਤਮਕ ਯੋਗਤਾ ਤੋਂ ਵਧੇਰੇ ਥੀਮਗਤ ਪਾਸਾਰਾਂ ਦੀ ਧਾਰਨੀ ਹੈ। ਇਹਨਾਂ ਕਹਾਣੀਆਂ ਦੀ ਸਹਿਜ ਪੜ੍ਹਤ ਹੀ ਬਹੁਪੱਖੀ ਅਨੁਭਵ ਦਾ ਬੋਧ ਕਰਵਾ ਦਿੰਦੀ ਹੈ। ਭਾਵਬੋਧ ਕਾਰਨ ਇਹ ਸਾਹਿਤਕਾਰਾਂ ਦੀ ਖਿੱਚ ਦਾ ਕੇਂਦਰ ਰਹੀ ਹੈ। ਸਾਹਿਤਕਾਰਾਂ ਤੇ ਬੁੱਧੀਜੀਵੀਆਂ ਨੇ ਦੋਹਾਂ ਦੇਸ਼ਾਂ ਦੀਆਂ ਸਾਂਝੀ ਅਦਬੀ ਵਿਰਾਸਤ ਨੂੰ ਜਾਨਣ ਤੇ ਮਾਨਣ ਦੀ ਚੇਸ਼ਟਾ ਵਿਖਾਈ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿਚ ਫ਼ਰਖ਼ੰਦਾ ਲੋਧੀ ਦੀ ਲੇਖਣੀ ਵਿਸ਼ੇਸ਼ ਮਹੱਤਵ ਦੀ ਸਿਰਜਕ ਹੈ ਜਿਹਨਾਂ ਨੇ ਇਸ ਅਦਬੀ ਵਿਰਾਸਤ ਦਾ ਪ੍ਰਗਟਾਵਾ ਮਨੁੱਖੀ ਸੰਵੇਦਨਾਵਾਂ ਦੇ ਗਹਿਣ ਚੌਖਟੇ ਵਿੱਚ ਕੀਤਾ ਹੈ।ਪਾਕਿਸਤਾਨੀ ਪੰਜਾਬੀ ਕਹਾਣੀ ਨਾ ਕੇਵਲ ਉਥੇ ਦੇ ਸਮਾਜਿਕ ਯਥਾਰਥ ਨੂੰ ਪ੍ਰਗਟ ਕਰਦੀ ਹੈ, ਬਲਕਿ ਉਥੇ ਕੁਰਲਾ ਰਹੀ ਮਾਨਵ ਹੋਂਦ ਦੀ ਵੇਦਨਾ ਨੂੰ ਵੀ ਪ੍ਰਗਟ ਕਰਦੀ ਹੈ। ਜਦੋਂ ਗੱਲ ਔਰਤ ਕਹਾਣੀਕਾਰਾਂ ਵੱਲੋਂ ਹੋਵੇ ਤਾਂ ਸਮੁੱਚੀ ਲੋਕਾਈ ਦਾ ਦਰਦ ਤਾਂ ਪ੍ਰਗਟ ਹੁੰਦਾ ਹੀ ਹੈ, ਲੇਕਿਨ ਸਮਾਜਿਕ ਪ੍ਰਬੰਧ ਦੀ ਰਵਾਇਤੀ ਕੀਮਤਾਂ 'ਤੇ ਪ੍ਰਸ਼ਨ ਚਿੰਨ੍ਹ ਵੀ ਲਗਾਉਂਦੀ ਹੈ। ਉਹ ਪਾਤਰਾਂ ਦੀ ਮਾਨਸਿਕ, ਦਿਮਾਗੀ ਅਤੇ ਜਿਸਮਾਨੀ ਪੀੜ ਨੂੰ ਬਿਆਨ ਕਰਦੀ ਹੋਈ ਕਾਨੂੰਨ ਨੂੰ ਇਨਸਾਫ਼ ਲਈ ਵੰਗਾਰਦੀ ਹੈ।*

**ਕੀਵਰਡ**: ***ਪਾਕਿਸਤਾਨੀ ਪੰਜਾਬੀ ਕਹਾਣੀ , ਮਾਨਸਿਕਤਾ, ਸਮਾਜਿਕ ਪਰਿਪੇਖ , ਸੱਭਿਆਚਾਰਕ ਖ਼ਲਾਅ***

ਪਾਕਿਸਤਾਨੀ ਪੰਜਾਬੀ ਸਾਹਿਤ ਨੇ ਹੁਣ ਤੱਕ ਅੱਧੀ ਸਦੀ ਤੋਂ ਵੱਧ ਦੀ ਉਮਰ ਹੰਢਾ ਲਈ ਹੈ। ਵੰਡ ਤੋਂ ਬਾਅਦ ਚੜ੍ਹਦੇ ਤੇ ਲਹਿੰਦੇ ਪੰਜਾਬ ਵਿਚ ਸੰਚਾਰ ਦੀਆਂ ਬਹੁਤ ਮੁਸ਼ਕਿਲਾਂ ਹੋਣ ਦੇ ਬਾਵਜੂਦ ਲਹਿੰਦੇ ਪੰਜਾਬ ਵਿਚ ਰਚਿਆ ਜਾ ਰਿਹਾ ਪੰਜਾਬੀ ਸਾਹਿਤ, ਇਧਰਲੇ-ਚੜ੍ਹਦੇ ਪੰਜਾਬੀਆਂ ਕੋਲ ਪੁੱਜਦਾ ਰਿਹਾ ਹੈ ਤੇ ਸ਼ਿੱਦਤ ਨਾਲ ਪੜ੍ਹਿਆ ਵੀ ਜਾਂਦਾ ਹੈ। ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਨੇ ਮਨੁੱਖ ਦੀਆਂ ਵਰਤਮਾਨ ਪ੍ਰਸਥਿਤੀਆਂ ਅਕਾਂਖਿਆਵਾਂ, ਉਤੇਜਨਾਵਾਂ, ਵਰਜਨਾਵਾਂ, ਵਿਡੰਬਨਾਵਾਂ ਤੇ ਪ੍ਰੇਰਣਾਵਾਂ ਨੂੰ ਸਮਝ ਕੇ ਪੂਰੀ ਸੰਵੇਦਨਾ ਸਹਿਤ ਗਲਪੀ ਰੂਪ ਪ੍ਰਦਾਨ ਕੀਤਾ ਹੈ। ਇੱਥੇ ਇਹ ਕਥਨ ਠੀਕ ਜਾਪਦਾ ਹੈ, *"ਰਚਨਾ ਆਧੁਨਿਕ ਮਨੁੱਖ ਦੀ ਤ੍ਰਾਸਦਿਕ ਹੋਣੀ ਨੂੰ ਪ੍ਰਗਟਾਉਣ ਦੇ ਆਹਰ ਵਿਚ ਰੁੱਝੀ ਦਿਖਾਈ ਦੇਂਦੀ ਹੈ।"*[1] ਪਾਕਿਸਤਾਨ ਵਿਚਲੇ ਸਾਹ ਘੁਟਵੇਂ ਮਾਹੌਲ ਵਿਚ ਲੇਖਕਾਂ ਨੇ ਮਨੁੱਖੀ ਮਨ ਦੀਆਂ ਵੇਦਨਾਵਾਂ ਨੂੰ ਰਚਨਾ ਵਿਚ ਪ੍ਰਤੀਕਾਂ ਤੇ ਬਿੰਬਾਂ ਦੀ ਵਰਤੋਂ ਦੁਆਰਾ ਦਰਸਾਇਆ ਹੈ। ਇਹਨਾਂ ਕਹਾਣੀਆਂ ਵਿਚ ਸਮਾਜ ਸਭਿਆਚਾਰਕ ਅੰਤਰ-ਦਵੰਦ ਦਾ ਰੂਪ ਉੱਘੜਦਾ ਹੈ। ਭਾਰਤੀ ਤੇ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਸਾਂਝਾ ਸੂਤਰ ਪੰਜਾਬੀ ਵਿਰਸਾ ਤੇ ਆਰਥਿਕ ਅਸਾਵੇਂਪਣ ਵਿਚੋਂ ਉਪਜੇ ਮਾਹੌਲ ਦੀ ਘੁਟਨ ਹੈ। ਪਾਕਿਸਤਾਨ ਦਾ ਜਨਮ ਇਕ ਦਵੰਦ ਚੇਤਨਾ ਦਾ ਪ੍ਰਤੀਕ ਹੈ ਜਿਸ ਵਿਚ ਜਸ਼ਨ ਤੇ ਆਜ਼ਾਦੀ ਦੇ ਸੁਖਾਵੇਂ ਮਾਹੌਲ ਵਿਚ ਆਪਣੇ ਸਭਿਆਚਾਰਕ ਪਿਛੋਕੜ ਤੋਂ ਟੁੱਟਣ ਦੀ ਪੀੜ ਹੈ। ਇਹਨਾਂ ਪ੍ਰਸਥਿਤੀਆਂ ਵਿਚ ਸਭਿਆਚਾਰਕ ਖਲਾਅ ਉਤਪਨ ਹੋਇਆ, ਜਿਸ ਦੇ ਪਰਿਣਾਮ ਵਜੋਂ ਪਾਕਿਸਤਾਨੀ ਪੰਜਾਬੀ ਕਹਾਣੀ ਦੀ ਲੰਮੀ ਚੁੱਪ ਹੈ। ਹੌਲੀ-ਹੌਲੀ ਕਹਾਣੀਕਾਰਾਂ ਨੇ ਇਸ ਸਭਿਆਚਾਰਕ ਖ਼ਲਾਅ ਦੇ ਧਾਰਮਿਕ, ਰਾਜਨੀਤਕ, ਆਰਥਿਕ , ਮਾਨਸਿਕ ਤੇ ਸਮਾਜਿਕ ਹਰ ਪਰਿਪੇਖ ਪ੍ਰਤੀ ਚੇਤੰਨ ਕੀਤਾ। ਇਸ ਸਬੰਧ ਵਿਚ ਡਾ. ਤਜਿੰਦਰ ਪਾਲ ਕੌਰ ਦੇ ਵਿਚਾਰ ਗੌਲਣਯੋਗ ਹਨ :

***"ਇਸ ਸਭਿਆਚਾਰਕ ਖਲਾਅ ਨੂੰ ਭਰਨ ਵਾਸਤੇ ਪਾਕਿਸਤਾਨ ਦੇ ਲੇਖਕਾਂ ਨੇ ਜਿਹੜੇ ਦੋ ਰਾਹ ਅਪਣਾਏ, ਉਹ ਹਨ: ਆਪਣੀਆਂ ਜੜ੍ਹਾਂ ਦੀ ਮਜਬੂਤੀ ਲਈ ਭਾਰਤੀ ਚਿੰਤਨ-ਪਰੰਪਰਾ ਦੀ ਕਾਂਟ ਛਾਂਟ ਰਾਹੀਂ ਮੁਸਲਿਮ ਧਾਰਾ ਨੂੰ ਨਿਖੇੜਨਾ ਅਤੇ ਇਸ ਨੀਂਹ ਉਤੇ ਪਾਕਿਸਤਾਨ ਦੀ ਨਵ-ਸਿਰਜਣਾ ਕਰਨ ਹਿਤ ਉਨ੍ਹਾਂ ਵਿਸੰਗਤੀਆਂ ਦਾ ਸੁਲਝਾਵ ਜਿਹੜੀਆਂ ਨਵ-ਨਿਰਮਾਣ ਵਿਚ ਅੜਿੱਕਾ ਬਣ ਰਹੀਆਂ ਸਨ। ਪਾਕਿਸਤਾਨੀ ਪੰਜਾਬੀ ਕਹਾਣੀਆਂ ਦਾ ਵੱਡਪਣ ਇਸ ਗੱਲ ਵਿਚ ਹੈ ਕਿ ਉਨ੍ਹਾਂ ਨੂੰ ਦੂਜੇ ਰਾਹ ਉਤੇ ਵਧੇਰੇ ਬਲ ਦਿੱਤਾ ਹੈ।"***[2]

ਪਾਕਿਸਤਾਨੀ ਪੰਜਾਬੀ ਕਹਾਣੀ ਆਪਣੀ ਕਲਾਤਮਕ ਯੋਗਤਾ ਤੋਂ ਵਧੇਰੇ ਥੀਮਗਤ ਪਾਸਾਰਾਂ ਦੀ ਧਾਰਨੀ ਹੈ। ਇਹਨਾਂ ਕਹਾਣੀਆਂ ਦੀ ਸਹਿਜ ਪੜ੍ਹਤ ਹੀ ਬਹੁਪੱਖੀ ਅਨੁਭਵ ਦਾ ਬੋਧ ਕਰਵਾ ਦਿੰਦੀ ਹੈ। ਭਾਵਬੋਧ ਕਾਰਨ ਇਹ ਸਾਹਿਤਕਾਰਾਂ ਦੀ ਖਿੱਚ ਦਾ ਕੇਂਦਰ ਰਹੀ ਹੈ। ਸਾਹਿਤਕਾਰਾਂ ਤੇ ਬੁੱਧੀਜੀਵੀਆਂ ਨੇ ਦੋਹਾਂ ਦੇਸ਼ਾਂ ਦੀਆਂ ਸਾਂਝੀ ਅਦਬੀ ਵਿਰਾਸਤ ਨੂੰ ਜਾਨਣ ਤੇ ਮਾਨਣ ਦੀ ਚੇਸ਼ਟਾ ਵਿਖਾਈ । ਪਾਕਿਸਤਾਨੀ ਪੰਜਾਬੀ ਕਹਾਣੀਕਾਰਾਂ ਵਿਚ ਫ਼ਰਖ਼ੰਦਾ ਲੋਧੀ ਦੀ ਲੇਖਣੀ ਵਿਸ਼ੇਸ਼ ਮਹੱਤਵ ਦੀ ਸਿਰਜਕ ਹੈ ਜਿਹਨਾਂ ਨੇ ਇਸ ਅਦਬੀ ਵਿਰਾਸਤ ਦਾ ਪ੍ਰਗਟਾਵਾ ਮਨੁੱਖੀ ਸੰਵੇਦਨਾਵਾਂ ਦੇ ਗਹਿਣ ਚੌਖਟੇ ਵਿੱਚ ਕੀਤਾ ਹੈ ।

## "ਚੰਨੇ ਦੇ ਓਹਲੇ ਤੇ ਹੋਰ ਕਹਾਣੀਆਂ" ਦਾ ਸਮਾਜਿਕ ਅਤੇ ਮਾਨਸਿਕ ਪਰਿਪੇਖ

ਕਹਾਣੀਆਂ ਸਮਾਜਿਕ ਆਦਰਸ਼ਾਂ ਦੀ ਉਸਾਰੀ ਲਈ ਰਚੀਆਂ ਜਾਂਦੀਆਂ ਹਨ। ਉਹਨਾਂ ਦਾ ਮੁੱਖ ਮੰਤਵ ਸਮਾਜ ਵਿਚ ਚੱਲੀਆਂ ਬੁਰਾਈਆਂ ਅਤੇ ਗਲਤ ਕਦਰਾਂ-ਕਮਤਾਂ ਤੋਂ ਜਾਣੂ ਕਰਵਾਉਣਾ ਹੁੰਦਾ ਹੈ। ਮਨੁੱਖਾਂ ਦੇ ਆਪਸੀ ਟਕਰਾਉ ਅਤੇ ਭੇਡਚਾਲ ਨੂੰ ਇਹ ਕਹਾਣੀਆਂ ਰੂਪਮਾਨ ਕਰਦੀਆਂ ਹਨ। ਪਾਕਿਸਤਾਨੀ ਪੰਜਾਬੀ ਕਹਾਣੀ ਨਾ ਕੇਵਲ ਉਥੇ ਦੇ ਸਮਾਜਿਕ ਯਥਾਰਥ ਨੂੰ ਪ੍ਰਗਟ ਕਰਦੀ ਹੈ, ਬਲਕਿ ਉਥੇ ਕੁਰਲਾ ਰਹੀ ਮਾਨਵ ਹੋਂਦ ਦੀ ਵੇਦਨਾ ਨੂੰ ਵੀ ਪ੍ਰਗਟ ਕਰਦੀ ਹੈ। ਜਦੋਂ ਗੱਲ ਔਰਤ ਕਹਾਣੀਕਾਰਾਂ ਵੱਲੋਂ ਹੋਵੇ ਤਾਂ ਸਮੁੱਚੀ ਲੋਕਾਈ ਦਾ ਦਰਦ ਤਾਂ ਪ੍ਰਗਟ ਹੁੰਦਾ ਹੀ ਹੈ, ਲੇਕਿਨ ਸਮਾਜਿਕ ਪ੍ਰਬੰਧ ਦੀ ਰਵਾਇਤੀ ਕੀਮਤਾਂ 'ਤੇ ਪ੍ਰਸ਼ਨ ਚਿੰਨ੍ਹ ਵੀ ਲਗਾਉਂਦੀ ਹੈ। ਉਹ ਪਾਤਰਾਂ ਦੀ ਮਾਨਸਿਕ, ਦਿਮਾਗੀ ਅਤੇ ਜਿਸਮਾਨੀ ਪੀੜ ਨੂੰ ਬਿਆਨ ਕਰਦੀ ਹੋਈ ਕਾਨੂੰਨ

ਨੂੰ ਇਨਸਾਫ਼ ਲਈ ਵੰਗਾਰਦੀ ਹੈ। ਪਾਕਿਸਤਾਨੀ ਪੰਜਾਬੀ ਕਹਾਣੀ ਦੇ ਸਮਾਜਿਕ ਮਸਲਿਆਂ ਬਾਰੇ ਰਤਨਦੀਪ ਕੌਰ ਦੇ ਵਿਚਾਰ ਹਨ:

*"ਇਸ ਕਿਸਮ ਦੀਆ ਕਹਾਣੀਆਂ ਅਕਸਰ ਸਮਾਜਿਕ ਪਤਨ ਦੀ ਤਸਵੀਰ ਪੇਸ਼ ਕਰਦੀਆਂ ਹਨ। ਉਸ ਸਮੇਂ ਦੇ ਸਮਾਜ ਨੂੰ ਪ੍ਰਗਟਾਉਂਦੀਆਂ ਇਹ ਕਹਾਣੀਆਂ, ਔਰਤਾਂ ਉੱਤੇ ਹੋ ਰਹੇ ਜ਼ੁਲਮ, ਲੋਕਾਂ ਦੇ ਆਪਸੀ ਵਿਛੋੜਿਆਂ ਦੀ ਪੀੜ, ਚੋਰੀ-ਚਕਾਰੀ, ਤਬਾਹੀ ਨੂੰ ਪੇਸ਼ ਕਰਦੀਆਂ ਹਨ। ਜੀਵਨ ਦੀਆਂ ਸਚਾਈਆਂ ਨੂੰ ਆਪਣੇ ਅੰਦਰ ਸਮੋ ਕੇ ਇਹ ਰਚਨਾਵਾਂ ਭਲੀ ਪ੍ਰਕਾਰ ਪ੍ਰਗਟ ਕਰਦੀਆਂ ਹਨ।"*[3]

ਫ਼ਰਖ਼ੰਦਾ ਲੋਧੀ ਸਮਾਜ ਤੋਂ ਤਹਿਜੀਬ ਅਤੇ ਸਲੀਕੇ ਦੀ ਮੰਗ ਕਰਦੀ ਹੈ। ਉਸਨੇ ਵੰਡ ਦਾ ਦੁਖਾਂਤ ਆਪਣੇ ਪਿੰਡੇ ਉਤੇ ਹੰਢਾਇਆ ਹੈ, ਇਸਲਈ ਉਹ ਚਾਹੁੰਦੀ ਹੈ ਕਿ ਸਮਾਜ ਵਿਚ ਅਮਨ ਤੇ ਸ਼ਾਂਤੀ ਬਣੀ ਰਹੇ। ਕਹਾਣੀਆਂ 'ਇਕ ਚੁੱਪ ਅਤੇ 'ਸੌਂਹ ਰੱਬ ਦੀ' ਵਿਚ ਅਮਨ ਅਤੇ ਕਾਨੂੰਨ ਦੀਆਂ ਧੱਜੀਆਂ ਉਡਦੀਆਂ ਵਿਖਾਈਆਂ ਗਈਆਂ ਹਨ। ਕਹਾਣੀ 'ਇਕ ਚੁੱਪ' ਵਿਚ ਮਾੜੀ ਆਰਥਿਕ ਹਾਲਤ ਸਮਾਜਿਕ ਰੁਤਬੇ ਨੂੰ ਹੀ ਨਹੀਂ ਘਟਾਉਂਦੀ ਸਗੋਂ ਮਾਨਵੀ ਜੀਵਨ ਵਿਚ ਹੋਰ ਵੀ ਬਹੁਤ ਸਾਰੀਆਂ ਮੁਸ਼ਕਿਲਾਂ ਪੈਦਾ ਕਰਦੀਆਂ ਹਨ । ਜੱਟ ਕਿਰਸਾਨੀ ਤੇ ਜਾਗੀਰਦਾਰੀ ਸਮਾਜ ਵਿਚ ਉੱਚੇ ਤੇ ਨੀਵੇਂ ਦਾ ਫ਼ਰਕ ਦੱਸਦੇ ਹੋਏ ਜਾਗੀਰਦਾਰੀ ਸਾਮਜ ਸਮਾਜਿਕ ਪ੍ਰਤਿਸ਼ਠਾ ਕਾਰਨ ਸ੍ਰੇਸ਼ਠ ਗ੍ਰੰਥੀ ਅਧੀਨ ਵਿਚਰਦੇ ਪਾਤਰਾਂ ਦੀ ਮਾਨਸਿਕਤਾ ਪੇਸ਼ ਕਰਦੀ ਹੈ। ਪੂੰਜੀਵਾਦ ਦੇ ਵਾਧੇ ਕਾਰਨ, ਰਾਜਨੀਤਕ ਦਖਲ ਕਾਰਨ, ਕਾਨੂੰਨ ਤੇ ਨਿਆਂ-ਵਿਵਸਥਾ ਦੀ ਵਿਫਲਤਾ ਕਾਰਨ ਨਿਮਨ ਕਿਰਸਾਨੀ ਦਾ ਜੀਵਨ ਮੁਸ਼ਕਿਲ ਹੋ ਗਿਆ ਹੈ। ਨਿਮਨ ਕਿਰਸਾਨੀ ਦੀਆਂ ਮਾਵਾਂ-ਧੀਆਂ ਨੂੰ ਵਰਤਣਾ ਜਾਗੀਰਦਾਰੀ ਸਮਾਜ ਆਪਣਾ ਜੱਦੀ ਹੱਕ ਸਮਝਦਾ ਹੈ। ਕਹਾਣੀ ਵਿਚਲਾ ਜ਼ਿਮੀਂਦਾਰ ਦਾ ਮੁੰਡਾ 'ਨਿੱਕੀ ਸਰਕਾਰ' ਇਕ ਦਿਨ ਚੰਨੂ ਦੇ ਖੇਤ ਵਿਚ ਅਚਾਨਕ ਟਿਊਬਵੈਲ ਦੀ ਕੋਠੜੀ ਵਿਚ ਘੁੱਸ ਕੇ ਟਿਊਬਵੈਲ ਬੰਦ ਕਰ ਦਿੰਦਾ ਹੈ। ਚੰਨੂ 'ਨਿੱਕੀ ਸਰਕਾਰ' ਦੀ ਬਹੁਤ ਮਿੰਨਤਾ ਕਰਦਾ ਹੈ। ਹੱਥ-ਪੈਰ ਜੋੜ ਕੇ ਉਹਨੂੰ ਬਹੁਤ ਮਨਾਉਂਦਾ ਹੈ। ਨਿੱਕੀ ਸਰਕਾਰ ਅਚਾਨਕ ਉਸ ਤੋਂ ਖੰਡ ਵਾਲਾ ਦੁੱਧ ਪੀਣ ਦੀ ਮੰਗ ਕਰਦਾ ਹੈ। 'ਖੰਡ ਵਾਲਾ ਦੁੱਧ' ਅਸਲ ਵਿਚ ਪ੍ਰਤੀਕ ਵਜੋਂ ਸਿਰਜਿਆ ਗਿਆ ਹੈ, ਉਹ ਤਾਂ ਚੰਨੂ ਦੀ ਜਵਾਨ ਹੁੰਦੀ ਧੀ ਬਖੋ ਨੂੰ ਭੋਗਣਾ ਚਾਹੁੰਦਾ ਹੈ। ਨਿੱਕੀ ਸਰਕਾਰ ਦੀ ਮਾੜੀ ਅੱਖ ਚੰਨੂ ਦੀ ਜਵਾਨ ਹੁੰਦੀ ਧੀ ਬਖੋ 'ਤੇ ਹੁੰਦੀ ਹੈ। ਜਿਸ ਕਾਰਨ ਉਹ ਚੰਨੂ ਨੂੰ ਮਾਰਦਾ ਵੀ ਹੈ ਤੇ ਵੇਲੇ-ਕੁਵੇਲੇ ਆ ਕੇ ਤੰਗ ਵੀ ਕਰਦਾ ਹੈ। ਜਾਗੀਰਦਾਰ ਆਪਣੇ ਹੇਠਲੀਆਂ ਜਾਤਾਂ ਦੀਆਂ ਮਾਵਾਂ-ਧੀਆਂ ਨੂੰ ਭੋਗਣਾ ਚਾਹੁੰਦਾ ਹੈ । ਇਹ ਵਿਵਹਾਰ ਉਹਨਾਂ ਦੇ ਮਨ ਦੀ ਇਦ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਹੈ। ਅਸੀਂ ਜਾਣਦੇ ਹਾਂ :

*"ਇਕ-ਮਨੋਵਿਸ਼ਲੇਸ਼ਣੀ ਸਿਧਾਂਤ ਅਨੁਸਾਰ ਮਨੁੱਖ ਦੀਆਂ ਆਦਿਮ ਪਰਵਿਰਤੀਆਂ ਦਾ ਭੰਡਾਰ ਹੈ। ਇਹ ਭਾਗ ਨਸਲੀ ਮਨੋਵੇਗਾਂ ਦਾ ਭੰਡਾਰ ਹੁੰਦਾ ਹੈ।"*[4]

ਕਹਾਣੀ 'ਸੌਂਹ ਰੱਬ ਦੀ' ਵੀ ਕਾਨੂੰਨ ਦੀ ਧੱਜੀਆਂ ਉਡਾਉਂਦੀ ਹੋਈ ਮਨੁੱਖੀ ਸੰਵੇਦਨਾ ਨੂੰ ਪ੍ਰਗਟ ਕਰਦੀ ਹੈ। ਕਹਾਣੀ ਵਿਚਲੀ ਔਰਤ ਪਾਤਰ ਜ਼ੇਬੋ ਆਪ ਇਕ ਪੁਲਿਸ ਵਾਲੇ ਦੀ ਪਤਨੀ ਹੈ, ਲੇਕਿਨ ਜਦੋਂ ਉਹ ਇਕ ਸ਼ਾਮ ਵੇਲੇ ਆਪਣੀ ਸੱਸ ਨਾਲ ਘਰ ਆ ਰਹੀ ਹੁੰਦੀ ਹੈ ਤਾਂ ਕੁਝ ਪੁਲਿਸ ਵਾਲੇ ਜ਼ੇਬੋ ਨੂੰ ਚੁੱਕ ਕੇ ਲੈ ਜਾਂਦੇ ਹਨ, ਉਸ ਦਾ ਬਲਾਤਕਾਰ ਕਰ ਕੇ ਉਸਨੂੰ ਮਾਰ ਦਿੰਦੇ ਹਨ। ਔਰਤ ਦੀ ਵਿਡੰਬਨਾ ਇਹ ਹੈ ਕਿ ਲੋਕਾਂ ਦੀ ਰਾਖੀ ਕਰਨ ਵਾਲੀ ਪੁਲਿਸ ਹੀ ਉਸ ਦੀ ਦੁਸ਼ਮਨ ਬਣ ਜਾਂਦੀ ਹੈ। ਸੱਸ ਜੇਬੋ ਨੂੰ ਬਚਾਉਣ ਵਾਸਤੇ ਬਹੁਤ ਮਿੰਨਤਾਂ ਕਰਦੀ ਹੈ ਅਤੇ ਉਹਨਾਂ ਨੂੰ ਇਹ ਵੀ ਦੱਸਦੀ ਹੈ ਕਿ ਉਸਦਾ ਪੁੱਤਰ ਜ਼ੇਬੋ ਦਾ ਖਾਵੰਦ ਆਪ ਵੀ ਪੁਲਿਸ ਵਾਲਾ ਹੈ। ਪਰ ਕਾਮ ਦੇ ਅੰਨ੍ਹੇ ਵੇਗ ਵਿਚ ਪਾਗਲ ਹੋਏ ਪੁਲਿਸ ਵਾਲਿਆਂ ਨੂੰ ਉਸ ਵੇਲੇ ਕੇਵਲ ਔਰਤ ਦੀ ਭੁੱਖ ਹੁੰਦੀ ਹੈ, ਉਹ ਜ਼ੇਬੋ ਦੇ ਗਰਭਵਤੀ ਹੋਣ ਦਾ ਵੀ ਖਿਆਲ ਨਹੀਂ ਕਰਦੇ :

*"ਤਦ ਪਤਾ ਲੱਗਿਆ ਜਦ ਦੋ ਪੁਲਸੀਏ ਜੇਬੋ ਦੀ ਬਾਂਹ ਫੜ੍ਹ ਲਈ ਤੇ ਪਰੂੰਦੇ ਸੱਜੇ ਪਾਸੇ ਦੀਆਂ ਪੈਲੀਆਂ ਵਿਚ ਲੈ ਗਏ-ਤੀਜੇ ਨੇ ਨਸੀ ਆਉਂਦੀ ਰਹਿਮਤ ਬੀਬੀ ਨੂੰ ਜੱਫ਼ਾ ਮਾਰ ਲਿਆ। ਨੂੰਹ ਸੱਸ ਦੀਆਂ ਗੰਢੜੀਆਂ ਕਿਤੇ ਖੁੱਲ੍ਹ ਖੁੱਲ੍ਹ ਗਈਆਂ ...ਜੇਬੋ ਦਾ ਖੋਰੇ ਮੂੰਹ ਕੈਂਪ ਗਿਆ ਸੀ ਉਹਨਾਂ ...ਕੋਈ ਵਾਜ ਕੋਈ ਕਲਾਹਟ ਨਹੀਂ ਸੀ ਆਈ,,ਖੱਬੇ ਪਾਸੇ ਦੀ ਫਸਲ ਵਿਚ ਡਿੱਗੀ ਰਹਿਮਤ ਬੀਬੀ ਰੌਲਾ ਪਾਉਂਦੀ ਰਹੀ ...ਵੇ ....ਵੇ ...ਮੁੰਡਿਆਂ...। ਵੇ ਮੈਂ ਤੇਰੀ ਮਾਂ ਵਾਂਗ ਆ ਏ ...ਮੈਂ ਵੀ ਇਕ ਪੁਲਸੀਏ ਪੁੱਤਰ ਦੀ ਮਾਂ ਹਾਂ ।"*[5]

ਇੱਥੇ ਪੁਲਿਸ, ਕਾਨੂੰਨ ਦੀ ਵਧੀਕੀਆਂ ਤੋਂ ਵੱਡਾ ਮਸਲਾ ਮਰਦੀ ਹੋਈ ਇਨਸਾਨੀਅਤ ਦਾ ਹੈ ਜਿਸ ਅਧੀਨ ਉਹ ਜ਼ੇਬੋ ਦਾ ਬਲਾਤਕਾਰ ਕਰ ਕੇ ਉਸਨੂੰ ਮਾਰ ਦਿੰਦੇ ਹਨ। ਮਰਦਾਂ ਦੀ ਜਹਾਲਤ ਇਕ ਸੱਸ ਨੂੰ ਪਾਗਲ ਕਰ ਦਿੰਦੀ ਹੈ। ਜ਼ੇਬੋ ਦੀ ਮੌਤ ਤੋਂ ਉਸਦਾ ਮਾਨਸਿਕ ਤਵਾਜਨ ਬਿਗੜ ਜਾਂਦਾ ਹੈ। ਉਹ ਕਚਹਿਰੀ ਵਿਚ ਕਹਿੰਦੀ ਹੈ *'ਮੈਂ ਜੋ ਕਹਾਂਗੀ, ਸੱਚ ਕਹਾਂਗੀ, ਮੈਨੂੰ ਸੌਂਹ ਰੱਬ ਦੀ।* ਕਹਾਣੀ 'ਅੱਲਾ ਲੋਕ' ਨਵੇਂ ਸਮਾਜਿਕ ਪ੍ਰਬੰਧ ਵਿਚ ਮਨੁੱਖੀ ਮਨੋ-ਯਥਾਰਥ ਨੂੰ ਪ੍ਰਗਟਾਉਂਦੀ ਹੈ। ਕਹਾਣੀ ਵਿਚ ਢੋਂਗੀ ਸਾਧਾਂ ਸੰਤਾਂ ਦੇ ਕਰਮਕਾਂਡਾਂ ਤੇ ਲੋਕਾਂ ਵਿਚ ਫੈਲੇ ਅੰਧ-ਵਿਸ਼ਵਾਸ਼ ਦੀ ਸਮੱਸਿਆ ਨੂੰ ਉਜਾਗਰ ਕਰਦੀ ਹੈ। ਅਸਲ ਵਿਚ ਰੱਬ ਦੀ ਹੋਂਦ ਉਦੋਂ ਹੀ ਮੁਕੰਮਲ ਹੈ ਜਦੋਂ ਮਨੁੱਖ ਆਪ ਮਿਹਨਤ ਕਰਦਾ ਹੈ। ਲੋਕਾਂ ਨੂੰ ਇਹਨਾਂ ਪਖੰਡ ਦੇ ਚੱਕਰਾਂ ਵਿਚ ਫਸਾ ਕੇ ਵਿਹਲੜ ਲੋਕ ਆਪਣੀ ਰੋਟੀ-ਟੁੱਕ ਚਲਾਉਂਦੇ ਹਨ। ਬਚਪਨ ਤੋਂ ਹੀ 'ਪੀਰ ਜੀ' ਨੂੰ ਬੜੀ ਖਿਝ ਉਠਦੀ ਸੀ ਆਪਣੇ ਘਰ ਦੇ ਪੀਰ ਵਾਲੇ ਪੁਸ਼ਤੀ ਧੰਧੇ ਤੋਂ, ਉਹ ਆਪਣੇ ਪਿਉ ਦਾ ਇਹ ਧੰਧਾ ਠੁਕਰਾ ਦਿੰਦਾ ਹੈ ਤੇ ਉਸਦਾ ਦਿਲ ਦੁਨੀਆ ਤੋਂ ਉਚਾਟ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਦੁਨੀਆ ਨਾਲੋਂ ਤੋੜ ਕੇ ਇਕ ਕੋਠੇ ਦੀ ਗੁੱਠ ਵਿਚ ਬਹਿ ਜਾਂਦਾ ਹੈ। ਉਸ ਦੀ ਸਾਰੀ ਦੁਨੀਆ ਉੱਥੋਂ ਤੱਕ ਹੀ ਸਿਮਟ ਜਾਂਦੀ ਹੈ। ਉਹ ਮਿਹਨਤ ਵਿਚ ਵਿਸ਼ਵਾਸ ਕਰਦਾ ਹੈ। ਇਹ ਇਕ ਕੌੜਾ ਸੱਚ ਹੈ ਕਿ ਮਨੁੱਖ ਦੀ ਤ੍ਰਿਪਤੀ ਆਪਣੀ ਮਿਹਨਤ ਨਾਲ ਹੀ ਹੁੰਦੀ ਹੈ, ਨਹੀਂ ਤਾਂ ਹਰਾਮ ਦੀ ਕਮਾਈ ਦੀ ਭੁੱਖ ਤਾਂ ਕਦੇ ਵੀ ਸ਼ਾਂਤ ਨਹੀਂ ਹੁੰਦੀ। ਪੂਰੇ ਘਰ ਵਿਚ ਪੀਰ ਜੀ ਨਾਲ ਸਭ ਤੋਂ ਵੱਧ ਮੋਹ ਉਸਦੀ ਮਾਂ ਨੂੰ ਹੁੰਦਾ ਹੈ। ਜਦੋਂ ਪੀਰ ਜੀ ਆਪਣੇ ਆਪ ਨੂੰ ਕੋਠੇ ਵਿਚ ਬੰਦ ਕਰ ਲੈਂਦੇ ਹਨ ਤਾਂ ਮਾਂ ਕੁਰਲਾਉਂਦੀ ਹੋਈ ਕਹਿੰਦੀ ਹੈ:

*"ਜਦ ਮਾਂ ਉਚੀ ਉਚੀ ਰੋਣ ਕੁਰਲਾਣ ਲੱਗ ਪੈਂਦੀ ਹੈ ਤੇ ਪੀਰ ਜੀ ਕੁੰਡੀ ਲਾਹੁੰਦੇ-ਤਾਂ ਪੀਰ ਜੀ ਨੂੰ ਰਹਿਮ ਆ ਜਾਂਦਾ ਉਹ ਬੂਹਾ ਖੋਲ੍ਹਕੇ ਬਾਹਰ ਖੜੀ ਮਾਂ ਨੂੰ ਜੱਫਾ ਮਾਰ ਕੇ ਆਪ ਵੀ ਰੋਣ ਲੱਗ ਪੈਂਦੇ, ਜਨਤੇ ਪੁੱਛਦੀ ਤੇ ਬਸ ਇਨਾ ਆਖਦੇ -"ਮਾਂ ਮੈਂ ਕੁੜ ਨਾਲ ਲੜ ਰਿਹਾ ਹਾਂ -ਤੇ ਡਰਨਾ ਆਂ ..ਮੇਰੇ*

***ਆਲੇ ਦੁਆਲੇ ਝੂਠ ਦੀਆਂ ਉਚੀਆਂ ਕੰਧਾਂ ਨੇ। ਜਿਹਨਾਂ ਨੂੰ ਮੈਂ ਉਲਾਘ ਨਹੀਂ ਸਕਦਾ -ਮੇਰਾ ਝੇੜਾ ਮੇਰੇ ਨਾਲ ਏ। ਤੇਰੇ ਯਾ ਕਿਸੇ ਹੋਰ ਨਾਲ ਨਹੀਂ ਤੁਹਾਡੀ ਚਾਲ ਨਾਲ ਏ ...ਤੁਸੀ ਕਹਿੰਦੇ ਕੁੱਝ ਓ ਕਰਦੇ ਕੁੱਝ ਓ ਬਸ ਇਹੋ ਮੂਲ ਫਸਾਦ ਏ।"[6]***

ਕਹਾਣੀ ਵਿਚਲਾ ਇਹ ਬਿਰਤਾਂਤਕ ਟੋਟਾ ਹੀ ਇਸਦੀ ਮਨੋਵਿਸ਼ਲੇਸ਼ਣਾਤਮਕ ਪਹੁੰਚ ਨੂੰ ਸਫਲ ਬਣਾਉਂਦਾ ਹੈ ਕਿ ਮਨੁੱਖ ਨੂੰ ਬਹਾਰੀ ਪਖੰਡ ਨੂੰ ਕਰਨ ਦੀ ਬਜਾਇ ਆਪਣੀ ਅੰਦਰਲੇ ਮਨ ਦੀ ਸੁਣਨੀ ਚਾਹੀਦੀ ਹੈ। ਜਿਸ ਮਨੁੱਖ ਨੂੰ ਇਹ ਸੋਝੀ ਆ ਜਾਂਦੀ ਹੈ, ਉਹ ਬਾਹਰੇ ਕੂੜ ਦੀ ਥਾਂ ਅੰਦਰਲੇ ਕੂੜ ਨਾਲ ਲੜਦਾ ਹੋਇਆ ਆਪ ਹੀ ਪੀਰ ਬਣ ਜਾਂਦਾ ਹੈ। ਮਨੁੱਖ ਦੀ ਚੇਤਨਾ ਹੀ ਉਸਨੂੰ ਆਪਣੇ ਆਲੇ-ਦੁਆਲੇ ਦੇ ਕਾਰ-ਵਿਹਾਰ ਪ੍ਰਤੀ ਚੇਤੰਨ ਕਰਦੀ ਹੈ। ਜੇਕਰ ਮਨ ਦੀ ਇਹ ਚੇਤਨਾ ਨਾ ਹੋਵੇ ਤਾਂ ਮਨੁੱਖ ਅਨ੍ਹੇਰੀ ਗਲੀਆਂ ਵਿਚ ਭਟਕ ਜਾਵੇ।

ਕਹਾਣੀਆਂ 'ਵਿੱਥ ਭਰ ਖੁੱਲ੍ਹ" ਅਤੇ 'ਹਿਰਦੇ ਵਿਚ ਤਰੇੜਾਂ' ਵਿਚ ਜਾਨਵਰਾਂ ਦੇ ਪ੍ਰਤੀਕ ਰਾਹੀਂ ਆਜ਼ਾਦੀ ਦੀ ਤਾਂਘ ਨੂੰ ਪ੍ਰਗਟਾਇਆ ਗਿਆ ਹੈ। ਪਾਕਿਸਤਾਨ ਵਿਚਲੇ ਸਾਹ ਘੁੱਟਵੇਂ ਮਾਹੌਲ ਵਿਚ ਕਹਾਣੀਕਾਰ ਪ੍ਰਤੀਕਾਤਮਕ ਸੁਰ ਵਿਚ ਆਪਣੀ ਵੇਦਨਾ ਨੂੰ ਪ੍ਰਗਟਾਉਂਦੇ ਹਨ। ਜਿਸ ਕਾਰਨ ਕਹਾਣੀਆਂ ਵਿਚ ਪ੍ਰਤੀਕਾਂ ਤੇ ਬਿੰਬਾਂ ਦੀ ਵਰਤੋਂ ਅਵਚੇਤਨ ਦੀ ਇੱਛਾ ਦਾ ਪ੍ਰਗਟਾਵਾ ਕਰਦੀ ਹੈ। ਅਨੇਕਾਂ ਸੰਭਾਵਨਾਵਾਂ ਹੋਣ ਦੇ ਬਾਵਜੂਦ ਵੀ ਇਹ ਪ੍ਰਸਥਿਤੀਆਂ ਦੇ ਦੁਖਾਂਤ ਵਿਚ ਵਹਿਣ ਲਈ ਮਜਬੂਰ ਹੈ। ਕਹਾਣੀ 'ਵਿੱਥ ਭਰ ਖੁੱਲ੍ਹ' ਦੀ ਨਾਇਕਾ ਤਸਲੀਮ ਆਪਣੀ ਸਹੇਲੀ ਨਾਲ ਗੱਲਾਂ ਦੌਰਾਨ ਵਿਘਨਕਾਰੀ ਸਮਝਦੀ ਹੋਈ ਪਾਲਤੂ ਬਲੂੰਗੜੇ ਨੂੰ ਆਪਣੀ ਜਾਲੀ ਵਿਚ ਬੰਦ ਕਰ ਦਿੰਦੀ ਹੈ। ਬਲੂੰਗੜਾ ਬਾਹਰ ਆਉਣ ਲਈ ਛਟਪਟਾ ਰਿਹਾ ਹੁੰਦਾ ਹੈ ਕਿ ਜਾਲੀ ਵਾਲੇ ਬੂਹੇ ਨੂੰ ਨਹੁੰਦਰਾਂ ਮਾਰ ਮਾਰ ਕੇ ਪੰਜਾ ਜ਼ਖ਼ਮੀਂ ਕਰ ਲੈਂਦਾ ਹੈ। ਫਿਰ ਜਾਲੀ ਵਾਲੇ ਬੂਹੇ ਤੋਂ ਆਪਣਾ ਜ਼ਖਮੀਂ ਪੰਜਾ ਹੇਠਾਂ ਨੂੰ ਲਮਕਾ ਦਿੰਦਾ ਹੈ। ਕਹਾਣੀ ਵਿਚਲੇ ਬਿਰਤਾਂਤ ਅਨੁਸਾਰ:

***"ਬਲੂੰਗੜੇ ਦੀ ਵੀ ਸੱਟਾਂ ਸਤਰਾਂ ਮਿਟਾ ਦੀ ਸਖਤ ਮਿਹਨਤ ਤੇ ਕਸ਼ਮਕਸ਼ ਨਾਲ ਥਕ ਟੁੱਟ ਹੋ ਗਈ ਤੇ ਮੈਂ ਵੇਖਿਆ ਪਈ ਹਰਿਆ ਹੋਇਆ ਕਾਲੂ ਬੂਹੇ ਦੇ ਨਾਲ ਲਗਕੇ ਬਹਿ ਗਿਆ ਏ ਤੇ ਉਹਨੇ ਆਪਣਾ ਲਹੂ ਭਰਿਆ ਫਟਲ ਹੱਥ ਬੂਹੇ ਦੀ ਵਿਥ ਵਿਚੋਂ ਬਾਹ ਲਮਕਾਇਆ ਏ। ਬਾਹਰ ਜਿੱਥੇ ਆਜਾਦੀ ਸੀ -ਮਰਜ਼ੀ ਦੀ ਖੁੱਲ੍ਹ ਸੀ -ਨਿਘੀ ਨਰਮ ਧੁੱਪ ਸੀ ਤੇ ਪੱਤਿਆਂ ਨਾਲ ਖਹਿੰਦੀ ਨਰੋਲ ਹਵਾ ਸੀ।"[7]***

ਬਲੂੰਗੜੇ ਦਾ ਪ੍ਰਤੀਕ ਆਜਾਦੀ ਦੇ ਮਹੱਤਵ ਨੂੰ ਸਪੱਸ਼ਟ ਕਰਦਾ ਹੈ। ਇਹ ਕਹਾਣੀ ਕਹਾਣੀਕਾਰਾ ਦੀ ਸਭ ਤੋਂ ਵੱਧ ਮੁਕੰਮਲ ਹੈ, ਕਿਉਂਕਿ ਇਹ ਸਮੁੱਚੀ ਪਾਕਿਸਤਾਨੀ ਆਵਾਮ ਦੀ ਇੱਛਾ ਪ੍ਰਗਟ ਕਰਦੀ ਹੈ। ਜਿੰਦਗੀ ਨੂੰ ਕੇਵਲ ਆਜ਼ਾਦੀ ਦੁਆਰਾ ਹੀ ਮਾਨਿਆ ਜਾ ਸਕਦਾ ਹੈ। ਕੈਦ ਵਿਚ ਮਨੁੱਖੀ ਆਤਮਾ ਤੜਫ਼ ਜਾਂਦੀ ਹੈ। ਉਸ ਨੂੰ ਆਪਣੀ ਪਛਾਨ, ਹੋਂਦ ਤੇ ਜਿੰਦਗੀ ਗੁੰਮ ਹੁੰਦੀ ਪ੍ਰਤੀਤ ਹੁੰਦੀ ਹੈ।

ਤਹਿਜ਼ੀਬ ਤੇ ਸਲੀਕਾ ਉਹ ਮਾਪਦੰਡ ਹਨ ਜਿਹੜੇ ਮਨੁੱਖ ਦੀ ਸਮਾਜੀਕਰਨ ਦੀ ਪ੍ਰਕਿਰਿਆ ਨੂੰ ਸਫ਼ਲ ਬਣਾਉਂਦੇ ਹਨ। ਸਮਾਜ ਵਿਚ ਰਹਿੰਦੇ ਹੋਏ ਮਨੁੱਖ ਨੂੰ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਹੀ ਵਿਹਾਰ ਕਰਨਾ ਪੈਂਦਾ ਹੈ। ਸਮਾਜ ਵਿਚ ਹਰ ਬੰਦੇ ਦੀ ਆਪਣੀ ਇਕ ਵੱਖਰੀ ਹੋਂਦ-ਪਛਾਣ ਹੈ। ਜਿਸ ਨੂੰ ਸਮਾਜ ਦੇ ਹਰ ਦੂਜੇ ਬੰਦੇ ਨੂੰ ਸਵੀਕਾਰ ਕਰਨਾ ਚਾਹੀਦਾ ਹੈ। ਫ਼ਰਖ਼ੰਦਾ ਲੋਧੀ ਦੀ ਕਲਮ ਸਮਾਜ ਵਿਚ ਇਸੇ ਸਲੀਕੇ ਦੀ ਤਾਂਘ ਰੱਖਦੀ ਹੈ। ਕਹਾਣੀ 'ਹਿਰਦੇ ਵਿਚ ਤਰੇੜਾਂ' ਰਾਹੀਂ ਸਮਾਜ ਨੂੰ ਅਮਨ, ਪ੍ਰੇਮ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਆਜਾਦੀ ਕੇਵਲ ਮਨੁੱਖਾਂ ਨੂੰ ਹੀ ਨਹੀਂ, ਸਗੋਂ ਜਾਨਵਰਾਂ ਅਤੇ ਪੰਛੀਆਂ ਸਾਰਿਆਂ ਨੂੰ ਬਹੁਤ ਪਿਆਰੀ ਹੈ। ਕਹਾਣੀ ਵਿਚ ਦੋ ਘੁੱਗੀਆ ਆਜ਼ਾਦੀ ਤੇ ਸੁਖਚੈਨ ਨਾਲ ਰਹਿ ਸਕਣ ਤੇ ਆਪਣੇ ਬੱਚਿਆਂ ਦੀ ਪਾਲਣਾ ਕਰ ਸਕਣ ਲਈ ਅਮਨ ਤੇ ਸ਼ਾਂਤੀ ਚਾਹੁੰਦੀਆਂ ਹਨ। ਦੋਹਾਂ ਦੇਸ਼ਾਂ ਵਿਚਕਾਰ ਸੰਬੰਧਾਂ ਦਾ ਤਣਾਓ ਆਮ ਜਨ-ਵਿਚਾਰ ਲਈ ਕੇਵਲ ਮੁਸ਼ਕਿਲਾਂ ਖੜ੍ਹੀ ਕਰਦਾ ਹੈ। ਜਨ-ਸਾਧਾਰਨ ਕੇਵਲ ਸ਼ਾਂਤੀ ਤੇ ਅਮਨ ਚਾਹੁੰਦੀ ਹੈ। ਜੰਗ ਤਾਂ ਰਾਜਨੀਤਕ ਸੁਆਰਥੀਆ ਲੋਕਾਂ ਦੇ ਨਿੱਜ ਪ੍ਰਾਪਤੀ ਦਾ ਸਾਧਨ ਹੈ। ਮੁੱਖ ਪਾਤਰ ਕਾਕਾ ਜ਼ਖ਼ਮੀਂ ਘੁੱਗੀ ਦੀ ਸੇਵਾ ਕਰਦਾ ਹੈ ਤੇ ਉਸਨੂੰ ਆਰਾਮ ਕਰਨ ਲਈ ਪਿੰਜਰੇ ਵਿਚ ਬੰਦ ਕਰ ਦਿੰਦਾ ਹੈ। ਜਦੋਂ ਉਹ ਸਕੂਲ ਤੋਂ ਆਉਂਦਾ ਹੈ ਤਾਂ ਵੇਖਦਾ ਹੈ ਕਿ ਘੁੱਗੀ ਨੇ ਆਪਣੇ ਖੰਭਾਂ ਨੂੰ ਜ਼ਖ਼ਮੀਂ ਕਰ ਲਿਆ ਹੈ। ਇਸ ਸੰਬੰਧ ਵਿਚ ਉਸਦੀ ਭੈਣ ਉਸਨੂੰ ਸਮਝਾਉਂਦੇ ਹੋਏ ਕਹਿੰਦੀ ਹੈ ਕਿ, *"ਆਜ਼ਾਦ ਪੰਛੀ ਪਿੰਜਰੇ ਵਿਚ ਨਹੀਂ ਰਹਿ ਸਕਦੇ।"[8]* ਕਾਕੇ ਦੇ ਕੋਮਲ ਮਨ ਵਿਚ ਇਹ ਗੱਲ ਇੰਨੀ ਘਰ ਕਰ ਜਾਂਦੀ ਹੈ ਕਿ ਜਦੋਂ ਘੁੱਗੀ ਜ਼ਖ਼ਮੀਂ ਹਾਲਾਤਾਂ ਵਿਚ ਮਰ ਜਾਂਦੀ ਹੈ ਤਾਂ ਕਾਕਾ ਕਹਿੰਦਾ ਹੈ:

***"ਅਗਲੀ ਸਵੇਰ ..ਅੱਖ ਖੁਲ੍ਹਦਿਆਂ ਸਾਰ ਓਸ ਪਹਿਲਾਂ ਕੰਮ ਟੋਕਰੀ ਚੁੱਕਣ ਦਾ ਕੀਤਾ-ਘੁੱਗੀ ਮੋਈ ਪਈ ਹੋਈ ਸੀ। ਪਤਾ ਨਹੀਂ ਕਦ ਦੀ...!"***

**ਆਜ਼ਾਦੀ ਮਰ ਗਈ ਬਾ ਜੀ" ਕਾਕਾ ਚੀਕ ਮਾਰ ਕੇ ਭੈਣ ਨਾਲ ਚੰਬੜ ਗਿਆ- "ਆਜ਼ਾਦੀ ਮਰ ਗਈ-ਬਾ ਜੀ..।"[9]**

ਬਾਲਕ ਦਾ ਮਨੋਯਥਾਰਥ ਮਾਨਵਵਾਦੀ ਕਦਰਾਂ-ਕੀਮਤਾਂ ਨਾਲ ਭਰਪੂਰ ਹੈ। ਸਮਾਜ ਵਿਚ ਹਰ ਬੰਦੇ ਨੂੰ ਆਪਣੀਆਂ ਸੀਮਾਵਾਂ ਵਿਚ ਰਹਿੰਦਿਆਂ, ਹੋਰ ਲੋਕਾਂ ਦੀ ਆਜ਼ਾਦੀ ਦੀ ਉਲੰਘਣਾ ਨਹੀਂ ਕਰਨੀ ਚਾਹੀਦੀ। ਇਹ ਸੰਦੇਸ਼ ਸਮੁੱਚੇ ਵਿਸ਼ਵ ਦੇ ਸਿਆਸਤਦਾਨਾਂ ਲਈ ਵੀ ਹੈ। ਜੇਕਰ ਹਰ ਮਨੁੱਖ ਤੇ ਦੇਸ਼ ਆਪਣੀਆਂ ਸੀਮਾਵਾਂ ਦਾ ਧਿਆਨ ਰੱਖੇ ਤਾਂ ਇਹ ਯੁੱਧ ਜਾਂ ਜੰਗ ਵਰਗੇ ਵਿਨਾਸ਼ਕਾਰੀ ਕੰਮ ਹੀ ਨਾ ਹੋਣ।

ਕਹਾਣੀ 'ਬੋਟੀਆਂ' ਵੰਡ ਦੇ ਦੁਖਾਂਤ ਦੀ ਵੇਦਨਾ ਅਤੇ ਮਨੋਯਥਾਰਥ ਨੂੰ ਪ੍ਰਗਟਾਉਂਦੀ ਹੈ। ਇਹ ਇਕ ਬਹੁਪਾਸਾਰੀ ਕਹਾਣੀ ਹੈ, ਜਿਸ ਨਾਲ ਇਕ ਸਾਥ ਕਈ ਮੁੱਦੇ ਤੁਰਦੇ ਹਨ। ਇਹ ਦੇਸ਼ ਵੰਡ ਸਮੇਂ ਦਾ ਮਾਰਮਿਕ ਦ੍ਰਿਸ਼ ਪੇਸ਼ ਕਰਦੀ ਹੈ। ਮਨੁੱਖਤਾ ਦਾ ਹੁੰਦਾ ਨੁਕਸਾਨ ,ਸਮਾਜਿਕ ਮੁੱਲਾਂ ਵਿਚ ਆਈ ਗਿਰਾਵਟ, ਜੀਵਨ ਜਿਉਣ ਦੀ ਤਾਂਘ, ਮੌਤ ਦਾ ਡਰ, ਸਾਮੂਮੀਅਤ ਦੀ ਖਾਤਮਾ, ਇਸਤਰੀਆਂ ਨਾਲ ਹੋਈਆਂ ਵਧੀਕੀਆਂ ਸਭ ਕੁੱਝ ਇਸ ਕਹਾਣੀ ਰਾਹੀਂ ਹੂ-ਬ-ਹੂ ਸਾਕਾਰ ਹੁੰਦਾ ਹੈ। ਹਿੰਦੂਆਂ ਦੁਆਰਾ ਮੁਸਲਮਾਨਾਂ ਦਾ ਅਤੇ ਮੁਸਲਮਾਨਾਂ ਦੁਆਰਾ ਹਿੰਦੂਆਂ ਦਾ ਨੁਕਸਾਨ ਸਮੁੱਚੀ ਮਨੁੱਖਤਾ ਨੂੰ ਸ਼ਰਮਿੰਦਾ ਕਰਦਾ ਹੈ। ਇਹ ਕਹਾਣੀ ਮੁਸਲਮਾਨਾਂ ਨਾਲ ਸਿੱਖਾਂ ਦੁਆਰਾ ਕੀਤੇ ਅਣਮਨੁੱਖੀ ਵਿਹਾਰ ਨੂੰ ਪੇਸ਼ ਕਰਦੀ ਹੈ। ਮੁੱਖ ਪਾਤਰ ਮੁੰਨੀ ਦੇਸ਼ ਵੰਡ ਸਮੇਂ ਲਹਿੰਦੇ ਪੰਜਾਬ ਵੱਲ ਆਪਣੀ ਮਾਂ ਤੇ ਭੈਣ ਕੈਸਰੋ ਨਾਲ ਚਲ ਰਹੀ ਸੀ। ਕੇਵਲ ਮੁੰਨੀ ਹੀ ਨਹੀਂ ਕਾਫ਼ਲੇ ਦੇ ਕਾਫਲੇ ਆਪਣੀ ਮਿੱਟੀ ਨੂੰ ਛੱਡ ਕੇ ਪਤਾ ਨਹੀਂ ਕਿਹੜੀ ਆਜ਼ਾਦੀ

ਲਈ ਜਾ ਰਹੇ ਸਨ। ਉਹਨਾਂ ਦੇ ਕਾਫ਼ਲੇ 'ਤੇ ਸਿੱਖਾਂ ਨੇ ਹਮਲਾ ਕਰ ਦਿੱਤਾ ਸੀ। ਸਿੱਖਾਂ ਦਾ ਹਮਲਾ ਜਾਂ ਮੁਸਲਮਾਨਾਂ ਦਾ ਹਮਲਾ ਕੋਈ ਵੀ ਹੋਵੇ, ਉਸ ਵਿਚ ਖ਼ਤਮ ਤਾਂ ਇਨਸਾਨੀਅਤ ਹੀ ਸੀ;

***" ਸਾਹਮਣੇ ਖੇਤਾਂ ਦੀਆਂ ਡੰਡੀਆਂ ਤੇ ਅੱਗ ਦੇ ਲਾਂਬੂਆਂ ਦਾ ਮੇਲਾ ਦਿਸ ਰਿਹਾ ਸੀ। ਵੇਖਦਿਆਂ ਵੇਖਦਿਆਂ ਕਾਫ਼ਲਾ ਸੁਆਨਿਆਂ ਦੀ ਲਪੇਟ ਵਿਚ ਆ ਗਿਆ। ਭਾਜੜ ਪੈ ਗਈ-ਕਿਰਪਾਨਾਂ, ਗੋਲੀਆਂ, ਬਰਛਿਆਂ ਚੀਕਾਂ, ਨਾਅਰੇ ਤੇ ਰਹਿਮ ਲਈ ਵਾਸਤੇ ਮਿੰਨਤਾਂ-ਮੁੰਨੀ ਦੀ ਗਠੜੀ ਪਤਾ ਨਹੀਂ ਕਿੱਥੇ ਗਈ। ਜੁਸਿਆਂ ਨੂੰ ਡਿਗਦਿਆ ਤੇ ਮੁੰਨੀ ਨੇ ਵੀ ਵੇਖਿਆ।"***[10]

ਇਸ ਹਮਲੇ ਵਿਚ ਮੁੰਨੀ ਦਾ ਪੂਰਾ ਟੱਬਰ ਖਤਮ ਹੋ ਜਾਂਦਾ ਹੈ। ਵੰਡ ਉਪਰੰਤ ਸਭ ਤੋਂ ਬੁਰੀ ਹਾਲਤ ਔਰਤਾਂ ਤੇ ਬੱਚਿਆਂ ਦੀ ਹੀ ਹੋਈ ਸੀ। ਮੁੰਨੀ ਨੂੰ ਇਹ ਪੀੜਤ ਹਾਲਤ ਵੇਸਵਾ ਬਣਾ ਦਿੰਦੇ ਹਨ ।ਵੇਸਵਾ ਮੁੰਨੀ ਕੋਲ ਜਦੋਂ ਅਬਦੁਲ ਆਉਂਦਾ ਹੈ ਤਾਂ ਉਹ ਉਸਨੂੰ ਦੱਸਦਾ ਹੈ ਕਿ ਬਾਹਰ ਕਰਫ਼ਿਊ ਲੱਗ ਰਿਹਾ ਹੈ । ਲੋਕਾਂ ਵਿਚ ਭੁੱਖ ਵੈਲੀ ਹੋਈ ਹੈ। ਮੁੰਨੀ ਨੂੰ 'ਭੁੱਖ' ਸ਼ਬਦ ਤੋਂ ਬੜਾ ਹੀ ਡਰ ਲਗਦਾ ਹੈ। ਇਸ ਭੁੱਖ ਫਲਸਰੂਪ ਹੀ ਉਹ ਵੇਸਵਾ ਬਣੀ ਸੀ। ਅਬਦੁਲ ਮੁੰਨੀ ਨੂੰ ਦੱਸਦਾ ਹੈ ਕਿ ਲੋਕਾਂ ਦਾ ਵਿਵਹਾਰ ਅੱਜ ਵੀ ਉਸੀ ਤਰ੍ਹਾਂ ਦਾ ਹੈ, ਜਿਸ ਵੇਲੇ ਮੋਏ ਊਠ ਦਾ ਗੋਸ਼ਤ ਲੁੱਟਣ ਸਮੇਂ ਸੀ। ਹਰ ਬੰਦਾ ਇਕ-ਦੂਜੇ ਨੂੰ ਨੋਚ ਰਿਹਾ ਹੈ। ਇਹ ਤਾਂ ਉਹ ਆਜ਼ਾਦੀ ਨਹੀਂ ਸੀ, ਜਿਹੜੇ ਦੋਵੇਂ ਮੁਲਕਾਂ ਦੇ ਲੋਕਾਂ ਨੇ ਮੰਗੀ ਸੀ। ਮੁੰਨੀ ਦਾ ਕਿਰਦਾਰ ਉਹਨਾਂ ਹਜ਼ਾਰਾਂ ਮਜਲੂਮ ਔਰਤਾਂ ਦੇ ਮਨੋਯਥਾਰਥ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹੜੀਆਂ ਇਸ ਦੁਖਾਂਤ ਦਾ ਸਿਕਾਰ ਹੋਈਆਂ ਸਨ । ਦੇਸ਼ ਵੰਡ ਸਮੇਂ ਪੈਦਾ ਹੋਏ ਹਾਲਾਤਾਂ ਦੇ ਦੁਖਾਂਤ ਬਾਰੇ ਡਾ. ਪਰਮਜੀਤ ਕੌਰ ਰੋਕੜ ਦੇ ਵਿਚਾਰ ਬਹੁਤ ਮਹੱਤਵਪੂਰਨ ਹਨ:

***"ਮਨੁੱਖ ਨੂੰ ਜਾਨਵਰ ਤੋਂ ਵੀ ਨਿਗੁਣਾ ਸਮਝਕ ਮਨੁੱਖਤਾ ਦਾ ਘਾਣ ਕੀਤਾ ਜਾ ਰਿਹਾ ਹੈ, ਜਦਕਿ ਉਹਨਾਂ ਦੀ ਆਪਸੀ ਕਿਸੇ ਵੀ ਕਿਸਮ ਦੀ ਦੁਸ਼ਮਣੀ ਜਾਂ ਵਿਰੋਧ ਨਹੀਂ। ਇਹ ਵਿਰੋਧ ਦੇਸ਼ਾਂ ਤੇ ਜਮਾਤਾਂ ਦਾ ਆਪਸੀ ਵਿਰੋਧ ਹੈ ਨਾ ਕਿ ਇਨਸਾਨੀਅਤ ਦਾ,ਫੇਰ ਵੀ ਮਨੁੱਖ ਨੂੰ ਮਨੁੱਖ ਸਮਝਣ ਵਾਲੀ ਮਨੋ-ਸਥਿਤੀ ਮਰ ਚੁੱਕੀ ਦਿਖਾਈ ਦਿੰਦੀ ਹੈ।"***[11]

ਇਸ ਪ੍ਰਕਾਰ ਇਹਨਾਂ ਕਹਾਣੀਆਂ ਦਾ ਮਾਨਸਿਕ ਅਤੇ ਸਮਾਜਿਕ ਅਧਿਐਨ ਅਜੋਕੇ ਸਮਾਜਿਕ ਪ੍ਰਬੰਧ ਵਿਚ ਸਮੁੱਚੀ ਮਾਨਵ ਜਾਤੀ ਦੇ ਮਨ-ਯਥਾਰਥ ਨੂੰ ਪ੍ਰਗਟਾਉਂਦਾ ਹੈ। ਇਹਨਾਂ ਮਨੋ-ਯਥਾਰਥ ਪਿੱਛੇ ਕਿਹੜੇ ਤੱਤ ਕਾਰਜਸ਼ੀਲ ਹਨ, ਉਹਨਾਂ ਨੂੰ ਵੀ ਉਜਾਗਰ ਕਰਦਾ ਹੈ।

### ***ਹਵਾਲੇ ਅਤੇ ਟਿੱਪਣੀਆਂ***


1. *ਜਤਿੰਦਰਪਾਲ ਸਿੰਘ ਜੌਲੀ, **ਪਾਕਿਸਤਾਨੀ ਪੰਜਾਬੀ ਗਲਪ**, ਪੰਨਾ 32,*
2. *ਤਜਿੰਦਰ ਪਾਲ ਕੌਰ, **ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਸਾਹਿਤ ਦਾ ਅਧਿਐਨ**, ਪੰਨਾ 67*
3. *ਰਤਨਦੀਪ ਕੌਰ, **ਪਾਕਿਸਤਾਨੀ ਪੰਜਾਬੀ ਕਹਾਣੀ: ਆਲੋਚਨਾਤਮਕ ਅਧਿਐਨ**, ਪੰਨਾ 69*
4. *ਕਮਲਪ੍ਰੀਤ ਕੌਰ, **ਸਾਹਿਤ ਅਧਿਐਨ ਦੀ ਮਨੋਵਿਸ਼ਲੇਸ਼ਣਾਤਮਕ ਵਿਧੀ**, ਪੰਨਾ 105*
5. *ਫ਼ਰਖ਼ੰਦਾ ਲੋਧੀ, **ਚੰਨੇ ਦੇ ਓਹਲੇ ਤੇ ਹੋਰ ਕਹਾਣੀਆਂ**, ਓਅੰਕਾਰ ਸਿੰਘ (ਲਿਪੀਅੰਤਰਕਾਰ) ਪੰਨਾ 92*
6. *ਉਹੀ, ਪੰਨਾ 78*
7. *ਉਹੀ, ਪੰਨਾ 103*
8. *ਉਹੀ, ਪੰਨਾ 117*
9. *ਉਹੀ, ਪੰਨਾ 117*
10. *ਉਹੀ, ਪੰਨਾ 144*
11. *ਪਰਮਜੀਤ ਕੌਰ ਰਕੜ, **ਪੰਜਾਬੀ ਬਿਰਤਾਂਤ ਦੀ ਮਨੋਸੰਰਚਨਾ**, ਪੰਨਾ 82*